ਦਫਤਰ ਡਿਪਟੀ ਕਮਿਸ਼ਨਰ ਪਟਿਆਲਾ ਕਮ ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ੍ਰੀ ਕਾਲੀ ਦੇਵੀ ਜੀ/ ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ ਪਟਿਆਲਾ।

## ਟੈਂਡਰ ਨੋਟਿਸ

ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਵਿਖੇ ਮਾਤਾ ਜੀ ਦੇ ਭਵਨ ਦਾ ਲਾਇਵ ਟੈਲੀਕਾਸਟ ਦਾ ਠੇਕਾ ਇੱਕ ਸਾਲ ਲਈ ਦਿੱਤਾ ਜਾਣਾ ਹੈ।ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਵਿਖੇ ਮਾਤਾ ਜੀ ਦੇ ਭਵਨ ਦਾ ਲਾਇਵ ਟੈਲੀਕਾਸਟ ਕਰਨ ਲਈ ਸਾਰੇ ਚੈਨਲਾਂ/ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਚੈਨਲ/ਏਜੰਸੀ ਇਹ ਲਾਇਵ ਟੈਲੀਕਾਸਟ ਕਰਨਾ ਚਾਹੁੰਦੀ ਹੈ ਤਾਂ ਉਹ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੀ ਵੈਬਸਾਇਟ mandirkalidevijipatiala.org ਤੇ ਅਪਲੋਡ ਕੀਤੇ ਗਏ ਪ੍ਰੋਫਾਰਮੇ ਵਿਚ ਭਰ ਕੇ ਆਪਣਾ ਟੈਂਡਰ ਰਿਜਰਵ ਕੀਮਤ ਤੋ ਵੱਧ ਭਰ ਕੇ ਮਿਤੀ 21-09-22 ਨੂੰ ਦੁਪਿਹਰ ਪਹਿਲਾ 12:00 ਵਜੇ ਤੱਕ ਧਰਮ ਅਰਥ ਸ਼ਾਖਾ ਕਮਰਾ ਨੰ:303, ਬਲਾਕ-ਏ, ਮਿੰਨੀ ਸਕੱਤਰੇਤ ਵਿਖੇ ਦੇ ਸਕਦੇ ਹਨ।ਟੈਂਡਰ ਮਿਤੀ 21-09-22 ਨੂੰ ਦੁਪਿਹਰ ਬਾਅਦ 3:00 ਵਜੇ ਉਪ ਮੰਡਲ ਮੈਜਿਸਟਰੇਟ, ਪਟਿਆਲਾ ਜੀ ਦੇ ਦਫਤਰ ਵਿਚ ਖੋਲੇ ਜਾਣਗੇ।ਟੈਂਡਰ ਸਬੰਧੀ ਸ਼ਰਤਾਂ ਮੰਦਿਰ ਦੀ ਵੈਬਸਾਇਟ ਤੇ ਉਪਲਬੱਧ ਹਨ।

ਵਾ:ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ੍ਰੀ ਕਾਲੀ ਦੇਵੀ ਜੀ/ਸ੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।

ਪ੍ਰੋਫਾਰਮਾ:

| ਲੜੀ ਨੰ: | | |
|---|---|---|
| 1 | ਫਰਮ ਦਾ ਨਾਮ ਅਤੇ ਰਜਿਸਟਰਡ ਪਤਾ | |
| 2 | ਫਰਮ ਵੱਲੋ ਲਾਇਵ ਟੈਲੀਕਾਸਟ ਦੇ ਸਬੰਧ ਵਿਚ ਮੰਦਿਰ ਨੂੰ ਦਿੱਤੀ ਜਾਣ ਵਾਲੀ ਰਕਮ ਜੋ ਕਿ ਰਿਜਰਵ ਕੀਮਤ (ਇੱਕ ਲੱਖ ਰੁਪੈ) ਤੋ ਵੱਧ ਹੋਵੇ। | |

Signature of Proprietor of Firm

Address

Contact No.

## ਲਾਇਵ ਟੈਲੀਕਾਸਟ ਸਬੰਧੀ ਸ਼ਰਤਾਂ:

1) ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਵਿਖੇ ਮਾਤਾ ਜੀ ਦੇ ਭਵਨ ਦਾ ਲਾਇਵ ਟੈਲੀਕਾਸਟ ਦਾ ਠੇਕਾ ਇੱਕ ਸਾਲ ਲਈ ਦਿੱਤਾ ਜਾਣਾ ਹੈ। ਇੱਕ ਸਾਲ ਲਈ ਰਿਜਰਵ ਕੀਮਤ ਇੱਕ ਲੱਖ ਰੁਪੈ ਹੋਵੇਗੀ।

2) ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਵਿਖੇ ਲਾਇਵ ਟੈਲੀਕਾਸਟ ਕਰਨ ਸਬੰਧੀ 12X 8 ਦਾ ਕੇਬਿਨ ਦਿੱਤਾ ਜਾਵੇਗਾ।

3) ਮੰਦਿਰ ਵਿਖੇ ਲਾਇਵ ਟੈਲੀਕਾਸਟ ਕਰਨ ਸਬੰਧੀ ਹੋਣ ਵਾਲਾ ਖਰਚਾ ਕੰਪਨੀ ਵੱਲੋ ਕੀਤਾ ਜਾਵੇਗਾ। ਇਸ ਦਫਤਰ ਵੱਲੋ ਕਿਸੇ ਵੀ ਤਰ੍ਹਾਂ ਦੇ ਖਰਚੇ ਦੀ ਅਦਾਇਗੀ ਨਹੀ ਕੀਤੀ ਜਾਵੇਗੀ।

4) ਜਿਸ ਫਰਮ ਵੱਲੋ ਰੇਟ ਵੱਧ ਦਿੱਤਾ ਜਾਵੇਗਾ ਉਸ ਫਰਮ ਨੂੰ ਹੀ ਲਾਇਵ ਟੈਲੀਕਾਸਟ ਕਰਨ ਦੀ ਆਗਿਆ ਦਿੱਤੀ ਜਾਵੇਗੀ।

5) ਟੈਂਡਰ ਅਪਲਾਈ ਕਰਨ ਸਮੇਂ ਮੁਬ:20,000/-ਰੁਪਏ ਦੀ ਰਕਮ ਬਤੌਰ ਸਕਿਉਰਟੀ ਜਮ੍ਹਾਂ ਕਰਵਾਉਣੀ ਪਵੇਗੀ। ਸਕਿਉਰਟੀ ਦਾ ਡਰਾਫਟ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੇ ਨਾਮ ਪੇਏਬਲ ਐਟ ਪਟਿਆਲਾ ਦਾ ਪੇਸ਼ ਕੀਤਾ ਜਾਵੇ। ਸਫਲ ਟੈਂਡਰ ਕਾਰ ਦੀ ਸਕਿਉਰਟੀ ਨਾ ਮੋੜਨ ਯੋਗ ਹੋਵੇਗੀ ਜੋ ਕਿ ਟੈਂਡਰ ਦਾ ਸਮਾਂ ਗੁਜਰਨ ਤੇ ਵਾਪਸ ਕੀਤੀ ਜਾਵੇਗੀ।

6) ਲਾਇਵ ਟੈਲੀਕਾਸਟ ਦਾ ਕੰਟਰੋਲ ਮੰਦਿਰ ਵਿਖੇ ਹੀ ਹੋਵੇਗਾ।

7) ਮੰਦਿਰ ਦੀ ਸੁਰੱਖਿਆ ਦੇ ਸਬੰਧ ਵਿਚ ਜਾਰੀ ਹਦਾਇਤਾ ਦੀ ਪਾਲਣਾ ਕਰਨ ਦੀ ਜਿੰਮੇਵਾਰੀ ਫਰਮ ਦੀ ਹੋਵੇਗੀ।

8) ਲਾਇਵ ਟੈਲੀਕਾਸਟ ਦਾ Link ਮੰਦਿਰ ਦੀ ਵੈਬਸਾਇਟ ਤੇ ਅਪਲੋਡ ਕਰਵਾਉਣ ਦੀ ਜਿੰਮੇਵਾਰੀ ਫਰਮ ਦੀ ਹੋਵੇਗੀ।

9) ਲਾਇਵ ਟੈਲੀਕਾਸਟ ਕਰਨ ਲਈ ਮੰਦਿਰ ਵਿਚ ਲਗਾਏ ਗਏ ਸਮਾਨ ਦੇ ਨੁਕਸਾਨ ਦੀ ਜਿੰਮੇਵਾਰੀ ਦਫਤਰ ਦੀ ਨਹੀ ਹੋਵੇਗੀ। ਇਸਦੀ ਜਿੰਮੇਵਾਰੀ ਲਾਇਵ ਟੈਲੀਕਾਸਟ ਕਰਨ ਵਾਲੀ ਕੰਪਨੀ ਦੀ ਖੁਦ ਦੀ ਹੋਵੇਗੀ।

10) ਮੰਦਿਰ ਦੀ ਇਮਾਰਤ ਜਾਂ ਹੋਰ ਕੋਈ ਨੁਕਸਾਨ ਦੀ ਜਿੰਮੇਵਾਰੀ ਸਫਲ ਟੈਂਡਰਕਾਰ/ਠੇਕੇਦਾਰ ਦੀ ਹੋਵੇਗੀ। ਜਿਸਦੀ ਭਰਪਾਈ ਠੇਕੇਦਾਰ ਵੱਲੋ ਕੀਤੀ ਜਾਵੇਗੀ।

11) ਲਾਇਵ ਟੈਲੀਕਾਸਟ ਲਈ ਵਰਤੋਂ ਕੀਤੀ ਜਾਂਦੀ ਬਿਜਲੀ ਦੇ ਬਿਲ ਦੀ ਅਦਾਇਗੀ ਠੇਕੇਦਾਰ/ਲਾਇਵ ਟੈਲੀਕਾਸਟ ਕੰਪਨੀ ਵੱਲੋ ਕੀਤੀ ਜਾਵੇਗੀ।

12) ਲਾਇਵ ਟੈਲੀਕਾਸਟ ਕੰਪਨੀ ਕਿਸੇ ਵੀ ਤਰ੍ਹਾਂ ਦੇ ਭੜਕਾਓ ਜਾਂ ਧਾਰਮਿਕ ਉਕਸਾਓ ਕੋਈ ਵੀ ਟੈਲੀਕਾਸਟ ਨਹੀ ਕਰੇਗਾ।

13) ਲਾਇਵ ਟੈਲੀਕਾਸਟ ਕੰਪਨੀ ਨੂੰ ਮੰਦਿਰ ਵਿਖੇ ਜਿਸ ਥਾਂ ਦੀ ਕਵਰੇਜ਼ ਕਰਨ ਲਈ ਪ੍ਰਵਾਨਗੀ ਦਿੱਤੀ ਜਾਵੇਗੀ ਉਸੇ ਥਾਂ ਦੀ ਹੀ ਲਾਇਵ ਟੈਲੀਕਾਸਟ ਕੀਤੀ ਜਾਵੇਗੀ।

14) ਸਫਲ ਟੈਂਡਰਕਾਰ ਵੱਲੋ ਟੈਂਡਰ ਪ੍ਰਾਪਤ ਹੋਣ ਤੇ ਦੋ ਦਿਨਾਂ ਦੇ ਅੰਦਰ-2 100/-ਰੁਪਏ ਦੇ ਅਸ਼ਟਾਮ ਤੇ ਸ਼ਰਤਾਂ ਅਨੁਸਾਰ ਐਗਰੀਮੈਂਟ ਸਹੀ ਕਰਕੇ ਦਿੱਤਾ ਜਾਵੇਗਾ।

15) ਲਾਇਵ ਟੈਲੀਕਾਸਟ ਕੰਪਨੀ ਦਾ ਕੋਈ ਵੀ ਵਿਅਕਤੀ ਮੰਦਿਰ ਦੇ ਕਿਸੇ ਕੰਮਕਾਰ ਜਾਂ ਪ੍ਰਬੰਧਾਂ ਵਿਚ ਦਖਲ ਅੰਦਾਜੀ ਨਹੀ ਕਰੇਗਾ।

16) ਲਾਇਵ ਟੈਲੀਕਸਟ ਕੰਪਨੀ ਦਾ ਕੋਈ ਵੀ ਕਰਮਚਾਰੀ ਮੰਦਿਰ ਦੇ ਕਿਸੇ ਪੁਜਾਰੀ ਜਾਂ ਸਟਾਫ ਨਾਲ ਕੋਈ ਮਾੜਾ ਵਿਵਹਾਰ ਨਹੀ ਕਰੇਗਾ ਅਤੇ ਉਨ੍ਹਾਂ ਦੇ ਕੰਮ ਵਿਚ ਦਖਲ ਅੰਦਾਜੀ ਨਹੀ ਕਰੇਗਾ।

17) ਟੈਂਡਰ ਪ੍ਰਾਪਤ ਕਰਨ ਵਾਲੀ ਫਰਮ ਟੈਂਡਰ ਦੀ ਕੁੱਲ ਰਕਮ 24 ਘੰਟੇ ਦੇ ਅੰਦਰ-2 ਦਫਤਰ ਪਾਸ ਡਰਾਫਟ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੇ ਨਾਮ ਪੇਏਬਲ ਐਟ ਪਟਿਆਲਾ ਰਾਹੀ ਜਮ੍ਹਾਂ ਕਰਵਾਏਗਾ।

18) ਜਿਸ ਫਰਮ ਦਾ ਟੈਂਡਰ ਪ੍ਰਵਾਨ ਕੀਤਾ ਜਾਵੇਗਾ ਉਸ ਵੱਲੋ ਮੰਦਿਰ ਵਿਚ ਤੈਨਾਤ ਸਟਾਫ ਦੇ ਚਾਲ ਚਲਣ ਦੀ ਤਸਦੀਕ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਤੋ ਕਰਵਾਈ ਜਾਵੇਗੀ।

19) ਬਿਨਾਂ ਕਾਰਨ ਦੱਸੇ ਠੇਕਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ। ਠੇਕਾ ਰੱਦ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਐਡਵਾਇਜਰੀ ਮੈਨੇਜਿੰਗ ਕਮੇਟੀ ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਜੀ ਪਾਸ ਰਾਖਵਾ ਹੋਵੇਗਾ।

ਉਪਰੋਕਤ ਕੰਮ ਲਈ ਹੋਰ ਸ਼ਰਤਾਂ ਟੈਂਡਰ ਖੋਲਣ ਸਮੇਂ ਸੁਣਾਈਆ ਜਾਣਗੀਆ। ਉਕਤ ਕੰਮ ਲਈ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਲੈਣ ਲਈ ਮੈਨੇਜਰ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਵਾ: ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ
ਐਡਵਾਇਜਰੀ ਮੈਨੇਜਿੰਗ ਕਮੇਟੀ
ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਦੇਵੀ ਜੀ,
ਪਟਿਆਲਾ।